# ਪੰਜਾਬ ਵ/ਸ ਅਤੇ ਸੀਵਰੇਜ਼ ਹਲਕਾ, ਅੰਮ੍ਰਿਤਸਰ।

ਸੇਵਾ ਵਿਖੇ,

ਮੁੱਖ ਇੰਜੀਨੀਅਰ (ਪੱਛਮੀ),
ਪੰਜਾਬ ਵ/ਸ ਅਤੇ ਸੀਵਰੇਜ ਬੋਰਡ,
ਅੰਮ੍ਰਿਤਸਰ।
ਨੰ: ਮਿਤੀ:

**ਵਿਸ਼ਾ:-** **ਕੁਆਲਟੀ ਕੰਟਰੋਲ ਟੀਮ ਵੱਲੋ ਮਿਤੀ:31-03-2017 ਅਤੇ 01-04-2017 ਨੂੰ ਅੰਮ੍ਰਿਤਸਰ ਮੰਡਲ ਨੰ:2 ਅਧੀਨ ਆਉਦੇ ਅੰਮ੍ਰਿਤਸਰ ਸਾਊਥ ਈਸਟ, ਤਰਨਤਾਰਨ, ਪੱਟੀ, ਜੰਡਿਆਲਾ ਗੁਰੂ ਅਤੇ ਅਜਨਾਲਾ ਸ਼ਹਿਰਾ ਦੇ ਕੰਮ ਚੈਕ ਕਰਨ ਸਬੰਧੀ।**

ਹਵਾਲਾ:- ਆਪ ਜੀ ਦੇ ਦਫਤਰ ਦਾ ਪਿੱਠ ਅੰਕਣ ਨੰ: 1613 ਮਿਤੀ 01-03-2018

ਉਪਰੋਕਤ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ: 2, ਅੰਮ੍ਰਿਤਸਰ ਵੱਲੋਂ ਪ੍ਰਾਪਤ ਹੋਇਆ ਪੁਆਂਇੰਟਵਾਈਜ਼ ਜਵਾਬ ਹੇਠ ਲਿਖੇ ਅਨੁਸਾਰ ਆਪ ਜੀ ਨੂੰ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

**A) Prov. STP 27.5 MLD at Amritsar South East Zone**
**(Agency: M/S Shapoorji Pallonji Co.)**

1) ਐਸ.ਟੀ.ਪੀ. ਦੀ ਬਾਊਡਰੀ ਵਾਲ ਦੇ ਕੰਮ ਤੇ ਜੋ ਇੱਟਾ ਵਰਤੀਆ ਜਾ ਰਹੀਆ ਸਨ, ਉਹ ਫਸਟ ਕਲਾਸ ਕੁਆਲਟੀ ਦੀਆ ਸਨ। ਪਰੰਤੂ ਉਹਨਾ ਵਿੱਚੋ ਕੁਝ ਇੱਟਾ ਠੀਕ ਨਹੀ ਸਨ ਅਤੇ ਕੁਝ ਇੱਟਾ ਦੇ ਕਿਨਾਰੇ ਟੁੱਟੇ ਹੋਏ ਸਨ। ਇਹਨਾ ਰਿਜੈਕਟਡ ਇੱਟਾ ਨੂੰ ਬਾਹਰ ਕੱਢ ਦਿੱਤਾ ਗਿਆ ਸੀ ਅਤੇ ਸਿਰਫ ਸਹੀ ਇੱਟਾ ਨੂੰ ਹੀ ਬਾਊਡਰੀ ਵਾਲ ਤੇ ਵਰਤਿਆ ਗਿਆ ਸੀ।

2) ਬਾਊਡਰੀ ਵਾਲ ਦਾ ਜੋ ਕੰਮ ਇੰਗਲਿਸ਼ ਬੌਡ ਵਿੱਚ ਨਹੀ ਕੀਤਾ ਗਿਆ ਸੀ, ਉਹ ਤੁੜਵਾ ਕੇ ਪਰਾਪਰ ਇੰਗਲਿਸ਼ ਬੌਡ ਵਿੱਚ ਕਰ ਦਿੱਤਾ ਗਿਆ ਹੈ। ਮੈਸੋਨਰੀ ਦੇ ਜੋਇੰਟ ਅਤੇ ਦਰਜਾ ਨੂੰ ਸਹੀ ਕਰ ਦਿੱਤਾ ਗਿਆ ਹੈ ਅਤੇ ਕੰਮ ਦੀ ਵਰਕਮੈਨਸ਼ਿਪ ਵਿੱਚ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ।

3) ਜਦੋ ਮੁੱਖ ਦਫਤਰ ਦੀ ਕੁਆਲਟੀ ਕੰਟਰੋਲ ਟੀਮ ਐਸ.ਟੀ.ਪੀ. ਸਾਈਟ ਤੇ ਗਈ ਸੀ, ਉਸ ਸਮੇ ਐਸ.ਟੀ.ਪੀ. ਤੇ ਸਿਰਫ ਬਾਊਡਰੀ ਵਾਲ ਦਾ ਕੰਮ ਜਸਟ ਸ਼ੁਰੂ ਹੀ ਕੀਤਾ ਗਿਆ ਸੀ। ਹੁਣ ਐਸ.ਟੀ.ਪੀ. ਸਾਈਟ ਤੇ ਡਿਸਪਲੇਅ ਬੋਰਡ, ਜਿਸ ਵਿੱਚ ਏਜੰਸੀ ਦਾ ਨਾ, ਅਧਿਕਾਰੀਆ ਦਾ ਨਾ ਦਰਜ ਹੈ, ਲਗਾ ਦਿੱਤਾ ਗਿਆ ਹੈ।

**B) Prov. Main Sewer 1400mm RCC NP3 Sewer at Amritsar South East Zone**
**(Agency: M/S Shapoorji Pallonji Co.)**

1) 1400mm i/d ਸੀਵਰ ਦੇ ਕੰਮ ਤੇ ਮੇਨਹੋਲ ਦਾ ਕੰਮ ਮੁਕੰਮਲ ਹੋਣ ਤੋ ਬਾਅਦ ਸਿਰਫ ਮੇਨਹੋਲ ਦੇ ਆਲੇ-ਦੁਆਲੇ ਮਿੱਟੀ ਦੀ ਫਿਲਿੰਗ ਕੀਤੀ ਜਾ ਰਹੀ ਸੀ। ਜਿਸ ਨੂੰ ਫਲੱਡਿੰਗ/ਕੰਪੈਕਸ਼ਨ ਕਰਕੇ ਦਰੁੱਸਤ ਕਰ ਦਿੱਤਾ ਗਿਆ ਸੀ। ਸੀਵਰ ਦੀਆ ਲਾਈਨਾ ਦੀ ਮਿੱਟੀ ਦੀ ਭਰਾਈ ਪਹਿਲਾ ਹੀ ਸਪੈਸੀਫਿਕੇਸ਼ਨ ਮੁਤਾਬਿਕ ਕੀਤੀ ਗਈ ਸੀ।

2) ਜਿਸ ਸੜਕ ਤੇ 1400mm i/d ਦਾ ਸੀਵਰ ਚੱਲ ਰਿਹਾ ਸੀ, ਉਸ ਸੜਕ ਦੇ ਦੋਵੇ ਪਾਸੇ ਕਾਸ਼ਨ ਬੋਰਡ ਲਗਾ ਕੇ ਇਹ ਸੜਕ ਬੰਦ ਕੀਤੀ ਹੋਈ ਸੀ। ਚਾਰ ਮੇਨਹੋਲ ਦੀਆ ਸਲੈਬਾ ਪਾਉਣ ਵਾਲੀਆ ਰਹਿੰਦੀਆ ਸਨ, ਇਹਨਾ ਮੇਨਹੋਲਾ ਦੇ ਆਲੇ-ਦੁਆਲੇ ਬਾਅਦ ਵਿੱਚ ਕਾਸ਼ਨ ਟੇਪ ਲਗਾ ਦਿੱਤੀ ਗਈ ਸੀ।

3) ਸੀਵਰ ਦਾ ਇਹ ਕੰਮ ਪ੍ਰਗਤੀ ਅਧੀਨ ਹੈ। ਜੋ ਸੀਵਰ ਇਸ ਪ੍ਰੋਜੈਕਟ ਅਧੀਨ ਲਗਾਇਆ ਗਿਆ ਹੈ, ਉਹ ਚਾਲੂ ਹਾਲਤ ਵਿੱਚ ਨਹੀ ਹੈ। ਵੈਂਟ ਸਾਫਟਾਂ ਦੀ ਇੰਨਸਪੈਕਸ਼ਨ ਲਈ ਅਧਿਕਾਰੀ ਦੀ ਡਿਊਟੀ ਲਗਾਈ ਜਾ ਚੁੱਕੀ ਹੈ। ਏਜੰਸੀ ਵੱਲੋ ਇਹ ਵੈਂਟ ਸਾਫਟਾਂ ਲਗਾ ਦਿੱਤੀਆ ਜਾਣਗੀਆ।



4) ਮੁੱਖ ਦਫਤਰ ਦੀਆ ਹਦਾਇਤਾ ਮੁਤਾਬਿਕ ਸਪੇਅਰ ਕਿਊਬ ਰੱਖੇ ਜਾਦੇ ਹਨ। ਮੌਕੇ ਤੇ ਕੁਆਲਟੀ ਕੰਟਰੋਲ ਟੀਮ ਦੀ ਇੰਨਸਪੈਕਸ਼ਨ ਦੌਰਾਨ ਸਪੇਅਰ ਕਿਊਬ ਮੌਜੂਦ ਸਨ।

5) RD 525.00 ਮੀਟਰ ਤੇ ਬਣਾਏ ਗਏ ਮੇਨਹੋਲ ਦਾ ਮੂੰਹ ਠੀਕ ਕਰਵਾ ਦਿੱਤਾ ਗਿਆ ਸੀ।

**C) Const. of OHSR 1 Lac Gallon Capacity at Amritsar South East Zone**
**(Agency: M/S Shapoorji Pallonji Co.)**

ਟੈਕੀ ਦਾ ਕੰਮ ਸਪੈਸੀਫਿਕੇਸ਼ਨ ਮੁਤਾਬਿਕ ਹੀ ਕਰਵਾਇਆ ਗਿਆ ਹੈ ਅਤੇ ਟੈਕ ਵਾਲ ਦੀ ਮਾਮੂਲੀ ਸੀਪੇਜ ਨੂੰ ਰੋਕਣ ਲਈ ਟੈਕ ਵਾਲ ਦੀ ਰਿਪੇਅਰ ਕੀਤੀ ਗਈ ਸੀ।

**D) Prov. pipe Sewer at Amritsar South East Zone**
**(Agency: M/S Shapoorji Pallonji Co.)**

1) ਮੇਨਹੋਲਾ ਦੀ ਬੈਚਿੰਗ ਆਈ.ਐਸ.ਕੋਡ ਮੁਤਾਬਿਕ ਠੀਕ ਕਰਵਾ ਦਿੱਤੀ ਗਈ ਹੈ। ਜਿਨਾ ਮੇਨਹੋਲ ਕਵਰਾ ਦੇ ਹੇਠਲੇ ਪਾਸੇ ਬਿਚੂਮੈਨ ਪੈਂਟ ਠੀਕ ਨਹੀ ਸੀ। ਉਹ ਮੇਨਹੋਲ ਦੇ ਕਵਰ ਏਜੰਸੀ ਤੋ ਬਦਲਾ ਦਿੱਤੇ ਗਏ ਹਨ।

2) ਜਿੰਨਾ SW 8" i/d ਪਾਈਪਾਂ ਦੀ ਗਲੈਜਿੰਗ ਠੀਕ ਨਹੀ ਸੀ ਜਾ ਜੋ ਕੁਝ ਪਾਈਪਾਂ ਟੇਢੀਆ ਸਨ, ਉਹਨਾ ਪਾਈਪਾਂ ਨੂੰ ਰਿਜੈਕਟ ਕੀਤਾ ਗਿਆ ਹੈ ਅਤੇ ਇਹ ਪਾਈਪਾਂ ਮੌਕੇ ਤੇ ਨਹੀ ਵਰਤੀਆ ਗਈਆ ਹਨ।

3) ਮਹਿੰਦਰਾ ਕਲੋਨੀ ਵਿੱਚ ਸੀ.ਸੀ. ਰੋਡ ਕੈਬਰ ਠੀਕ ਕਰਵਾ ਦਿੱਤਾ ਗਿਆ ਹੈ ਅਤੇ ਐਕਸਪੈਨਸ਼ਨ ਜੋਇੰਟ ਪਾਏ ਗਏ ਹਨ।

**E) Prov. STP 9 MLD at Tarn Taran.**
**(Agency: M/S Anand Associates)**

1) ਕੁਆਲਟੀ ਕੰਟਰੋਲ ਟੀਮ ਦੀ ਇੰਨਸਪੈਕਸ਼ਨ ਦੌਰਾਨ ਟੈਕ ਵਾਲ ਦੀ ਸ਼ਟਰਿੰਗ ਦਾ ਕੰਮ ਚੱਲ ਰਿਹਾ ਸੀ। ਟੈਕ ਵਾਲ ਦੇ ਸਟਰੀਟ ਦਾ ਇਨਰ ਅਤੇ ਆਊਟਰ ਸਾਈਡ ਦਾ ਕਵਰ ਦਰੁੱਸਤ ਕਰਕੇ Concrete ਦਾ ਕੰਮ ਕੀਤਾ ਗਿਆ ਸੀ।

**F) Prov. Sewerage Scheme at Tarn Taran.**
**(Agency: M/S Natha Singh Contractor)**

1) ਇੰਨਸਪੈਕਸ਼ਨ ਦੌਰਾਨ ਰੇਲਵੇ ਰੋਡ Opposite ਸ਼ੀਤਲ ਦੀ ਹੱਟੀ ਮੇਨਹੋਲ ਦੇ ਮੂੰਹ ਦੀ ਫਿਨਿਸ਼ਿੰਗ ਕਰਨੀ ਰਹਿੰਦੀ ਸੀ, ਜੋ ਕਿ ਕਰਵਾ ਦਿੱਤੀ ਗਈ ਸੀ ਜੀ।

**G) Prov. Sewerage Scheme at Patti.**
**(Agency: Sh. Rajesh Kumar Middha)**

1) ਸਰਹਾਲੀ ਰੋਡ ਤੇ ਬਣਾਏ ਗਏ ਮੇਨਹੋਲਾ ਦੀ ਬੈਚਿੰਗ ਬਰਸਾਤ ਕਾਰਨ ਖਰਾਬ ਹੋ ਗਈ ਸੀ, ਉਹ IS Code ਮੁਤਾਬਿਕ ਠੀਕ ਕਰਵਾ ਦਿੱਤੀ ਗਈ ਸੀ ਅਤੇ ਮੇਨਹੋਲਾ ਦੇ ਮੂੰਹ ਦੀ ਫਿਨਿਸ਼ਿੰਗ ਵੀ ਠੀਕ ਕਰਵਾ ਦਿੱਤੀ ਗਈ ਸੀ ਜੀ।

**H) Prov. OHSR 2 Lac Gln. Capacity at Ajnala.**
**(Agency: Sh. Arunesh Gupta Cont.)**

1) ਰੇਤਾ ਅਤੇ ਬਜਰੀ ਪਲੇਟਫਾਰਮ ਤੇ ਸਟਾਕ ਕਰਵਾ ਦਿੱਤੀ ਗਈ ਸੀ ਜੀ।

2) ਟੈਕੀ ਤੇ ਗਰਾਊਡ ਲੈਵਲ ਦੀ ਬੁਰਜੀ ਤੇ ਗਰਾਊਡ ਲੈਵਲ ਮਾਰਕ ਕਰਾ ਦਿੱਤਾ ਸੀ ਜੋ ਕਿ ਡਿਜਾਈਨ ਸਟੇਟਮੈਂਟ ਮੁਤਾਬਿਕ ਹੈ ਜੀ।

3) ਕੁਆਲਟੀ ਕੰਟਰੋਲ ਟੀਮ ਦੀਆ ਹਦਾਇਤਾ ਮੁਤਾਬਿਕ ਇਹ ਕਿਊਬ ਮੁੱਖ ਦਫਤਰ ਚੰਡੀਗੜ ਵਿਖੇ ਭੇਜ ਦਿੱਤੇ ਗਏ ਸਨ।

4) ਏਜੰਸੀ ਵੱਲੋ ਇਸ ਕੰਮ ਲਈ ਲੈਬ ਸੈਟੱਪ ਕੀਤੀ ਗਈ ਸੀ, ਹੁਣ ਇਹ ਕੰਮ ਮੁਕੰਮਲ ਹੋ ਚੁੱਕਿਆ ਹੈ ਜੀ।

**H) Prov. W/S & Sew. Scheme at Ajnala.**
**(Agency: Sh. Natha Singh Cont.)**

1) ਫੰਡਾ ਦੀ ਘਾਟ ਕਾਰਨ ਏਜੰਸੀ ਵੱਲੋ ਹਾਲ ਦੀ ਘੜੀ ਇਹ ਕੰਮ ਬੰਦ ਕੀਤਾ ਹੋਇਆ ਹੈ। ਫੰਡਜ ਉਪਲੱਬਧ ਹੋਣ ਉਪਰੰਤ ਇਸ ਐਗਰੀਮੈਟ ਅਧੀਨ ਬਕਾਇਆ ਰਹਿੰਦਾ ਕੰਮ ਅਤੇ ਸਲੂਸ ਵਾਲਵ ਅਤੇ ਫਾਇਰ ਹਾਈਡਰੈਟ ਪੂਰਾ ਕਰਵਾ ਦਿੱਤਾ ਜਾਵੇਗਾ ਜੀ।

2) ਗਾਰਡਨ ਇਨਕਲੇਵ ਗਲੀ ਨੰ:3 ਵਿੱਚ ਨਜਦੀਕ ਇਲੈਕਟ੍ਰਿਕ ਪੋਲ Opposite ਰੋਡ ਕਰਾਸਿੰਗ ਸੀਵਰ ਦੇ ਹੇਠ ਬੋਡ ਅਤੇ ਹਾਚਿੰਗ ਵਿੱਚ ਵਰਤੇ ਜਾਣ ਵਾਲੇ Cement Concrete ਵਿੱਚ ਪਾਣੀ ਦੀ ਮਿਕਦਾਰ ਘੱਟ ਹੋਣ ਕਾਰਨ ਸੀਮਿੰਟ ਦੀ ਮਿਕਦਾਰ ਘੱਟ ਲੱਗ ਰਹੀ ਸੀ ਜੋ ਕਿ ਠੀਕ ਕਰਵਾ ਦਿੱਤੀ ਗਈ ਸੀ ਜੀ।

3) ਏਜੰਸੀ ਵੱਲੋ ਸਮੇ-ਸਮੇ ਸਿਰ ਲੋੜੀਦੇ ਟੈਸਟ ਕੀਤੇ ਜਾਦੇ ਰਹੇ ਹਨ। ਇਹ ਕੰਮ ਫੰਡਾ ਦੀ ਘਾਟ ਕਾਰਨ ਪਿਛਲੇ ਕਈ ਮਹੀਨਿਆ ਤੋ ਬੰਦ ਹਨ।

4) ਗਲੀ ਨੰ:3 ਗਾਰਡਨ ਇਨਕਲੇਵ ਵਿੱਚ ਮੇਨਹੋਲ ਦੇ ਮੂੰਹਾ ਦੀ ਫਿਨਿਸ਼ਿੰਗ ਠੀਕ ਕਰਵਾ ਦਿੱਤੀ ਗਈ ਸੀ ਜੀ।

ਡੀ ਡਾਕ
ਸੁਪਰਡੰਟ/ਸੀ.ਸੀ
ਲੇਖਾਕਾਰ

718
1.5.18

ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ਼ ਹਲਕਾ, ਕਾ: ਇੰਜ: 2
ਅੰਮ੍ਰਿਤਸਰ।

ਪਿੱਠ ਅੰਕਣ ਨੰ: 1754 ਮਿਤੀ: 1.5.18

ਉਪਰੋਕਤ ਦੀ ਨਕਲ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰ: 2, ਅੰਮ੍ਰਿਤਸਰ ਨੂੰ ਉਹਨਾਂ ਦੇ ਪਿੱਠ ਅੰਕਣ ਨੰ: 630 ਮਿਤੀ 09-04-2018 ਦੇ ਸਬੰਧ ਵਿੱਚ ਭੇਜੀ ਜਾਂਦੀ ਹੈ।

1/5/18
ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ਼ ਹਲਕਾ,
ਅੰਮ੍ਰਿਤਸਰ। 1/5/18